**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥** {ਪੰਨਾ 1392}

ਪਦ ਅਰਥ:- ਅਮਿਅ—ਅੰਮ੍ਰਿਤ-ਮਈ, ਅੰਮ੍ਰਿਤ-ਭਰੀ, ਆਤਮਕ ਜੀਵਨ ਦੇਣ ਵਾਲੀ। ਦ੍ਰਿਸਟਿ —ਨਜ਼ਰ। ਹਰੈ—ਦੂਰ ਕਰਦਾ ਹੈ। ਅਘ —ਪਾਪ। ਸਕਲ ਮਲ —ਸਾਰੀਆਂ ਮੈਲਾਂ। ਵਸਿ ਕਰੈ —ਕਾਬੂ ਕਰਦਾ ਹੈ। ਬਲ—ਅਹੰਕਾਰ।

ਅਰਥ:- (ਗੁਰੂ ਅੰਗਦ ਦੇਵ ਜਿਸ ਉੱਤੇ ) ਆਤਮਕ ਜੀਵਨ ਦੇਣ ਵਾਲੀ ਭਲੀ ਨਿਗਾਹ ਕਰਦਾ ਹੈ , (ਉਸ ਦੇ) ਪਾਪ ਤੇ ਸਾਰੀਆਂ ਮੈਲਾਂ ਦੂਰ ਕਰ ਦੇਂਦਾ ਹੈ, ਅਤੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ—ਇਹ ਸਾਰੇ ਉਸ ਦੇ ਕਾਬੂ ਵਿਚ ਕਰ ਦੇਂਦਾ ਹੈ।

**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥** {ਪੰਨਾ 1392}

ਪਦ ਅਰਥ :- ਮਨਿ—ਮਨ ਵਿਚ। ਸੰਸਾਰਹ —ਸੰਸਾਰ ਦਾ। ਖੋਵੈ —ਨਾਸ ਕਰਦਾ ਹੈ। ਨਵਨਿਧਿ ਦਰੀਆਉ—ਨੌ ਨਿਧੀਆਂ ਦਾ ਦਰੀਆਉ। ਜਨਮ ਹਮ—ਸਾਡੇ ਜਨਮਾਂ ਦੀ। ਨਿਧਿ—ਖ਼ਜ਼ਾਨਾ।

ਅਰਥ:- (ਗੁਰੂ ਅੰਗਦ ਦੇ ) ਮਨ ਵਿਚ ਸਦਾ ਸੁਖ ਵੱਸ ਰਿਹਾ ਹੈ , (ਉਹ) ਸੰਸਾਰ ਦਾ ਦੁੱਖ ਦੂਰ ਕਰਦਾ ਹੈ। ਸਤਿਗੁਰੂ ਨੌ ਨਿਧੀਆਂ ਦਾ ਦਰੀਆਉ ਹੈ; ਸਾਡੇ ਜਨਮਾਂ ਦੀ ਕਾਲਖ ਧੋਂਦਾ ਹੈ।

**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥** {ਪੰਨਾ 1392}

ਪਦ ਅਰਥ :- ਟਲ—ਹੇ ਟੱਲ! ਹੇ ਕਲਜਜ! ਹੇ ਕਲਜਜਸਹਾਰ! ਅਹਿ—ਦਿਨ। ਨਿਸ—ਰਾਤ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਇ—ਪ੍ਰੇਮ ਵਿਚ।

ਅਰਥ:- ਹੇ ਕਲਜਜਸਹਾਰ! ਆਖ—"(ਐਸੇ) ਗੁਰੂ (ਅੰਗਦ ਦੇਵ ਜੀ ) ਨੂੰ ਦਿਨ ਰਾਤ ਆਤਮਕ ਅਡੋਲਤਾ ਅਤੇ ਪ੍ਰੇਮ ਵਿਚ ਟਿਕ ਕੇ ਸੇਵਨਾ ਚਾਹੀਦਾ ਹੈ। (ਐਸੇ) ਸਤਿਗੁਰੂ ਦੇ ਦਰਸ਼ਨ ਕੀਤਿਆਂ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ"।10।

ਨੋਟ:- ਇਹਨਾਂ 15 ਸਵਈਆਂ ਦਾ ਕਰਤਾ ਭੱਟ 'ਕਲਜਜਸਹਾਰ' ਹੈ, ਜਿਸ ਦੇ ਦੂਜੇ ਨਾਮ 'ਕਲਜਜ' ਅਤੇ 'ਟਲਜਜ' ਹਨ।